# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

ਮਿਹਨਤੀ ਲੋਕਾਂ ਲਈ ਸਾਹਿਤ ਅਤੇ ਨਾਟਕ : ਮਿਹਨਤ ਕਰਦੇ ਲੋਕ ਗ਼ਰੀਬ ਬਸਤੀਆਂ ਅਤੇ ਦੂਰਦੁਰਾਡੇ ਪਿੰਡਾਂ ਵਿਚ ਰਹਿੰਦੇ ਹਨ। ਸਾਡਾ ਬਹੁਤ ਸਾਰਾ ਸਾਹਿਤ, ਜਿਸ ਵਿਚ ਨਾਟਕ ਵੀ ਸ਼ਾਮਲ ਹਨ, ਇਨ੍ਹਾਂ ਮਿਹਨਤ ਕਰਦੇ ਲੋਕਾਂ ਬਾਰੇ ਲਿਖਿਆ ਜਾਂਦਾ ਹੈ ਪਰ ਉਨ੍ਹਾਂ ਲੋਕਾਂ ਨੂੰ ਨਾ ਹੀ ਇਹ ਸਾਹਿਤ ਪੜ੍ਹਨ ਦਾ ਮੌਕਾ ਮਿਲਦਾ ਹੈ ਅਤੇ ਨਾ ਹੀ ਕੋਈ ਨਾਟਕ ਵੇਖਣ ਦਾ ਮੌਕਾ ਮਿਲਦਾ ਹੈ, ਭਾਵੇਂ ਉਨ੍ਹਾਂ ਦੀ ਚਾਹ ਵੀ ਹੁੰਦੀ ਹੈ ਕਿ ਉਹ ਇਹ ਸਭ ਕੁਝ ਵੇਖਣ। ਇਸ ਸੰਦਰਭ ਵਿਚ ਖੇਤ ਮਜ਼ਦੂਰ ਯੂਨੀਅਨ ਵਲੋਂ ਸ਼ਾਹਪੁਰ ਬਰਸਾਣਾ ਵਿਚ ਕਰਵਾਇਆ ਗਿਆ ਨਾਟਕ ਸਮਾਗਮ ਇਕ ਮਿਸਾਲ ਵਜੋਂ ਲਿਆ ਜਾ ਸਕਦਾ ਹੈ। ਸ਼ਾਹਪੁਰ ਬਰਸਾਣਾ, ਲਾਂਬੜਾਂ ਦੇ ਨੇੜੇ, ਜ਼ਿਲਾ ਜਲੰਧਰ ਦਾ ਇਕ ਪਿੰਡ ਹੈ। ਇਸ ਪਿੰਡ ਵਿਚ ਦੋ-ਚਾਰ ਕਿਸਾਨਾਂ ਦੇ ਘਰ ਛੱਡ ਕੇ ਸਾਰੇ ਹੀ ਘਰ ਖੇਤ ਮਜ਼ਦੂਰਾਂ ਦੇ ਹਨ ਜਿਹੜੇ ਆਲੂਆਂ ਦੇ ਫਾਰਮਾਂ ਵਿਚ ਕੰਮ ਕਰਦੇ ਹਨ। ਔਰਤਾਂ ਵੀ ਮਰਦਾਂ ਦੇ ਬਰਾਬਰ ਇਨ੍ਹਾਂ ਫਾਰਮਾਂ ਵਿਚ ਕੰਮ ਕਰਦੀਆਂ ਹਨ। ਠੇਕੇਦਾਰ ਸਵੇਰੇ ਇਨ੍ਹਾਂ ਨੂੰ ਟਰਾਲੀਆਂ ਵਿਚ ਬਿਠਾ ਕੇ ਲੈ ਜਾਂਦੇ ਹਨ ਤੇ ਸ਼ਾਮ ਕੰਮ ਤੋਂ ਬਾਅਦ ਘਰਾਂ ਵਿਚ ਵਾਪਸ ਛੱਡ ਜਾਂਦੇ ਹਨ। ਮਿਹਨਤ ਦੀ ਲੁੱਟ ਦੀ ਕਹਾਣੀ ਇਨ੍ਹਾਂ ਦੀ ਵੀ ਉਹੋ ਹੈ, ਜੋ ਬਾਕੀ ਸਾਰੇ ਸਮਾਜ ਦੀ ਹੈ। ਇਕ ਗੱਲ ਇਨ੍ਹਾਂ ਦੀ ਜ਼ਿੰਦਗੀ ਬਾਰੇ ਜੋ ਖਾਸ ਹੈ ਕਿ ਇਹ ਲੋਕ ਬੜੀ ਆਧੁਨਿਕ ਤਕਨੀਕ ਨਾਲ ਕੀਤੇ ਜਾਂਦੇ ਕੰਮ ਦੇ ਹਿੱਸੇਦਾਰ ਹਨ ਪਰ ਇਨ੍ਹਾਂ ਦੀ ਆਪਣੀ ਪਿੰਡ ਦੀ ਜ਼ਿੰਦਗੀ ਬਹੁਤ ਹੀ ਪਿਛਾਖੜ ਹੈ। ਕੰਮ ਦੇ ਹਾਲਾਤ ਅਤੇ ਜ਼ਿੰਦਗੀ ਜੀਣ ਦੇ ਹਾਲਾਤ ਦੇ ਦਰਮਿਆਨ ਜੋ ਵਿਰੋਧਤਾਈਆਂ ਹਨ, ਉਹ ਇਨ੍ਹਾਂ ਨੂੰ ਵਿਤਕਰੇ ਭਰੇ ਸਮਾਜ ਬਾਰੇ ਸੋਚਣ ਲਈ ਮਜਬੂਰ ਕਰਦੀਆਂ ਹਨ। ਆਖਰ ਉਹ ਚੰਗੀ ਜ਼ਿੰਦਗੀ ਜਿਊਣ ਦੇ ਹੱਕਦਾਰ ਕਿਉਂ ਨਹੀਂ ਬਣ ਸਕਦੇ? ਉਨ੍ਹਾਂ ਦੇ ਬੱਚੇ ਚੰਗੀ ਪੜ੍ਹਾਈ ਕਿਉਂ ਨਹੀਂ ਪੜ੍ਹ ਸਕਦੇ? ਉਨ੍ਹਾਂ ਦੀ ਗਰੀਬੀ ਉਨ੍ਹਾਂ ਨੂੰ ਕਿਉਂ ਮਜਬੂਰ ਕਰਦੀ ਹੈ ਕਿ ਉਨ੍ਹਾਂ ਦੇ ਬੱਚੇ ਨਿੱਕੀ ਉਮਰ ਵਿਚ ਹੀ ਕੰਮ 'ਤੇ ਜਾਣ ਲਗ ਪੈਣ? ਇਸ ਨਾਲ ਸਮਾਗਮ 'ਤੇ ਵੱਡੀ ਹਾਜ਼ਰੀ ਨੇ, ਜਿਨ੍ਹਾਂ ਵਿਚ ਔਰਤਾਂ ਵੀ ਬਰਾਬਰ ਦੀ ਗਿਣਤੀ ਵਿਚ ਸ਼ਾਮਲ ਸਨ, ਉਨ੍ਹਾਂ ਨੇ ਜਦੋਂ ਸਮਾਜ ਅਤੇ ਤੰਦੂਰ ਵਰਗੇ ਨਾਟਕ ਵੇਖੇ ਤਾਂ ਉਨ੍ਹਾਂ ਨੂੰ ਇਹ ਵਿਸ਼ਵਾਸ ਆਇਆ ਕਿ ਜ਼ਿੰਦਗੀ ਦੀ ਨੁਹਾਰ ਬਦਲੀ ਜਾ ਸਕਦੀ ਹੈ ਅਤੇ ਉਹਦੇ ਵਿਚ ਉਹ ਆਪਣੀ ਭੂਮਿਕਾ ਨਿਭਾ ਸਕਦੇ ਹਨ। ਵੇਖਣ ਵਿਚ ਆਇਆ ਕਿ ਖੇਤ ਮਜ਼ਦੂਰ ਔਰਤਾਂ ਜੋ ਮਰਦਾਂ ਦੇ ਬਰਾਬਰ ਫਾਰਮਾਂ ਵਿਚ ਕੰਮ ਕਰਦੀਆਂ ਹਨ, ਉਨ੍ਹਾਂ ਦੀ ਸਮਾਜਿਕ ਚੇਤਨਾ ਘਰਾਂ ਦੀ ਚਾਰਦੀਵਾਰੀ ਵਿਚ ਮਹਿਦੂਦ ਔਰਤਾਂ ਨਾਲੋਂ ਵੱਖ ਹੈ।

ਸਾਹਿਤ ਸਭਾਵਾਂ ਦੀ ਭੂਮਿਕਾ: ਪੰਜਾਬੀ ਹਫਤਾ ਦੇ ਸੰਦਰਭ ਵਿਚ ਭਾਸ਼ਾ ਵਿਭਾਗ ਵਲੋਂ ਕਰਵਾਏ ਜਾ ਰਹੇ ਸੈਮੀਨਾਰਾਂ ਵਿਚੋਂ 8 ਨਵੰਬਰ ਨੂੰ ਮੁਹਾਲੀ ਵਿਚ ਕਰਵਾਇਆ ਗਿਆ। ਸੈਮੀਨਾਰ ਸਾਹਿਤ ਸਭਾਵਾਂ ਦੇ ਬਾਰੇ ਸੀ। ਬੁਲਾਰਿਆਂ ਵਿਚੋਂ ਡਾ. ਕੁਲਬੀਰ ਸਿੰਘ ਕਾਂਗ ਨੇ ਬਾਕੀ ਭਾਰਤ ਵਿਚ ਅਤੇ ਪੰਜਾਬ ਵਿਚ ਸਾਹਿਤ ਸਭਾਵਾਂ ਦੇ ਇਤਿਹਾਸ ਨੂੰ ਉਲੀਕਿਆ। ਕੇਂਦਰੀ ਪੰਜਾਬੀ ਲੇਖਕ ਸਭਾ ਦੀ ਹੋਂਦ ਵਿਚ ਆਉਣਾ ਇਕ ਇਤਿਹਾਸਕ ਪੜਾਅ ਸੀ। ਡਾ. ਕੁਲਵੰਤ ਕੌਰ ਨੇ ਬੜੇ ਵਿਸਥਾਰ ਨਾਲ ਗੱਲ ਕਰਦਿਆਂ ਇਹ ਮੰਗ ਕੀਤੀ ਕਿ ਸਾਹਿਤ ਸਭਾਵਾਂ ਨੂੰ ਬੜੀ ਜ਼ਿੰਮੇਵਾਰੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਭਾਸ਼ਾ ਵਿਭਾਗ ਨੂੰ ਸਾਹਿਤ ਸਭਾਵਾਂ ਦੀ ਵੱਧ ਤੋਂ ਵੱਧ ਸਹਾਇਤਾ ਕਰਨੀ ਚਾਹੀਦੀ ਹੈ ਪਰ ਇਹਦੇ ਨਾਲ ਸਾਹਿਤ ਸਭਾਵਾਂ ਦੀ ਕਾਰਗੁਜ਼ਾਰੀ ਉਤੇ ਵੀ ਨਜ਼ਰ ਰੱਖਣੀ ਚਾਹੀਦੀ ਹੈ। ਭਾਸ਼ਾ ਵਿਭਾਗ ਦੇ ਕੁਝ ਕੰਮਾਂ ਵਿਚ ਭਾਈ-ਭਤੀਜਾਵਾਦ ਦੀ ਰੁਚੀ ਦਾ ਵੀ ਜ਼ਿਕਰ ਆਇਆ। ਸਮੁੱਚੇ ਸੈਮੀਨਾਰ ਵਿਚ ਲੇਖਕਾਂ ਨੇ ਇਹ ਚਾਹ ਜ਼ਾਹਰ ਕੀਤੀ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਇਕ ਕਰਨ ਦੇ ਯਤਨ ਕੀਤੇ ਜਾਣ। ਜੇ ਇਹਦੇ ਵਿਚ ਕੋਈ ਮੁਸ਼ਕਿਲ ਵੀ ਹੈ ਤਾਂ ਵੀ ਇਹੋ ਜਿਹਾ ਵਾਤਾਵਰਨ ਜ਼ਰੂਰ ਸਿਰਜਿਆ ਜਾਏ ਕਿ ਸਿਹਤਮੰਦ ਸਹਿਹੋਂਦ ਦੀ ਪਹੁੰਚ ਭਾਰੂ ਹੋਵੇ। ਪਿਛਲੇ ਸਮੇਂ ਅਪਣਾਈ ਇਸ ਪਹੁੰਚ ਨੂੰ ਨੋਟ ਕੀਤਾ ਗਿਆ। ਚੰਗੇ ਸਾਹਿਤ ਦੀ ਪਹਿਚਾਣ ਕਰਵਾਉਣੀ ਅਤੇ ਉਸ ਨੂੰ ਲੋਕਾਂ ਤਕ ਪੁਚਾਉਣ ਦੀ ਸਾਹਿਤ ਸਭਾਵਾਂ ਦੀ ਜ਼ਿੰਮੇਵਾਰੀ ਦੀ ਗੱਲ ਵੀ ਕੀਤੀ ਗਈ। ਇਸ ਸੈਮੀਨਾਰ ਵਿਚ ਬੜੀਆਂ ਗੱਲਾਂ ਉਭਰਵੇਂ ਰੂਪ ਵਿਚ ਕੀਤੀਆਂ ਗਈਆਂ ਜੋ ਆਉਣ ਵਾਲੇ ਸਮੇਂ ਵਿਚ ਸਾਹਿਤ ਸਭਾਵਾਂ ਲਈ ਲਾਹੇਵੰਦ ਸਾਬਤ ਹੋਣਗੀਆਂ। ਇਹ ਸੈਮੀਨਾਰ ਤੇ ਉਸ ਵਲੋਂ ਕਰਵਾਏ ਗਏ ਹੋਰ ਸੈਮੀਨਾਰ ਭਾਸ਼ਾ ਵਿਭਾਗ ਵਲੋਂ ਕੀਤੇ ਜਾਂਦੇ ਕੰਮਾਂ ਵਿਚੋਂ ਇਕ ਸ਼ਲਾਘਾਯੋਗ ਕੰਮ ਹੈ।

ਨਾਟਕ 'ਤੰਦੂਰ'

ਸਿਆਸੀ ਥੀਏਟਰ (ਸਿਆਸਤ ਨਾਲ ਜੁੜੀ ਹੋਈ ਨਾਟਕ ਲਹਿਰ) ਦੀ ਇਕ ਪਹਿਚਾਣ ਹੈ ਕਿ ਉਹ ਸਮਕਾਲੀ ਘਟਨਾਵਾਂ ਤੇ ਵਿਸ਼ਲੇਸ਼ਣਾਤਮਕ ਟਿੱਪਣੀ ਕਰਦਾ ਹੈ ਤੇ ਦਰਸ਼ਕਾਂ ਨੂੰ ਗਲਤ ਸਮਾਜਕ ਵਰਤਾਰੇ ਵਿਰੁੱਧ ਸੰਘਰਸ਼ ਲਈ ਪ੍ਰੇਰਨਾ ਦਿੰਦਾ ਹੈ। ਨਾਟਕ 'ਤੰਦੂਰ' ਇਸ ਦੀ ਇਕ ਮਿਸਾਲ ਹੈ। ਹਾਕਮਾਂ ਵਲੋਂ ਜਿਸ ਤਰ੍ਹਾਂ ਸਿਆਸਤ ਦਾ ਅਪਰਾਧੀਕਰਨ ਹੋਇਆ ਹੈ, ਉਹ ਦੀ ਇਕ ਸੰਖੇਪ ਰਿਪੋਰਟ ਵੋਹਰਾ ਕਮਿਸ਼ਨ ਵਲੋਂ ਲੋਕਾਂ ਦੇ ਸਾਹਮਣੇ ਆਈ ਹੈ। 'ਤੰਦੂਰ' ਨਾਟਕ ਯੂਥ ਸੰਸਥਾ ਦੇ ਇਕ ਕਾਰਕੁਨ ਦੀ ਦਾਸਤਾਨ ਹੈ, ਜੋ ਹਰ ਹਰਬਾ ਵਰਤ ਕੇ ਸਿਆਸੀ ਖੇਡ ਵਿਚ ਸਿੱਖਰ 'ਤੇ ਪੁੱਜਦਾ ਹੈ। ਉਹ ਆਪਣੀ ਪਤਨੀ ਦੀ ਇੱਜ਼ਤ ਆਬਰੂ ਨੂੰ ਵੀ ਦਾਅ 'ਤੇ ਲਗਾ ਦਿੰਦਾ ਹੈ। ਪਤਨੀ, ਭਾਰਤੀ ਨਾਰੀ ਦਾ ਫਰਜ਼ ਨਿਭਾਉਂਦੀ ਹੋਈ ਨਾ ਚਾਹੁਣ 'ਤੇ ਵੀ ਇਸ ਗੰਦੀ ਖੇਡ ਵਿਚ ਧਰੀਕੀ ਜਾਂਦੀ ਹੈ। ਇਸ ਸੰਦਰਭ ਵਿਚ ਦੇਸ਼ ਭਗਤ ਤਾਕਤਾਂ ਦਾ ਕੀ ਫਰਜ਼ ਬਣਦਾ ਹੈ, ਇਹ ਇਸ ਨਾਟਕ ਦਾ ਕੇਂਦਰੀ ਨੁਕਤਾ ਹੈ।

ਮਨਜੀਤ ਕਾਦਰ ਦੀ ਐਕਸੀਡੈਂਟ ਵਿਚ ਮੌਤ : ਪਿਛਲੇ ਦਿਨਾਂ ਵਿਚ ਸਾਡੇ ਕੋਲੋਂ ਵਚਨਬੱਧ ਲੋਕ-ਪੱਖੀ ਸਾਹਿਤਕਾਰ ਵਿੱਛੜ ਗਏ ਹਨ। ਬੰਬਈ ਵਿਚ ਸਰਗਰਮ ਰਹੇ ਪ੍ਰੀਤਮ ਬੇਲੀ ਦੀ ਜ਼ਿੰਦਗੀ ਸਿਰਜਣਾ ਦੇ ਪੱਖ ਤੋਂ ਵੀ ਅਤੇ ਜਥੇਬੰਦੀ ਦੇ ਪੱਖ ਤੋਂ ਵੀ ਪ੍ਰਗਤੀਸ਼ੀਲ ਲਹਿਰ ਨੂੰ ਸਮਰਪਿਤ ਇਕ ਲੰਮੀ ਘਾਲਣਾ ਦੀ ਜ਼ਿੰਦਗੀ ਸੀ। ਮਨਜੀਤ ਕਾਦਰ ਦੀ ਅਣਵਕਤੀ ਮੌਤ ਉਸ ਵੇਲੇ ਹੋ ਗਈ ਜਦੋਂ ਉਹਦੀ ਸ਼ਕਤੀਸ਼ਾਲੀ ਕਾਵਿਕ ਆਵਾਜ਼ ਆਪਣੇ ਹਸਤਾਖਰ ਇਨਕਲਾਬੀ ਸਾਹਿਤਕ ਹਲਕਿਆਂ ਵਿਚ ਕਾਇਮ ਕਰ ਚੁੱਕੀ ਸੀ।